# ਨਿਊਜ਼ ਰਿਲੀਜ਼

ਫੌਰੀ ਜਾਰੀ ਕਰਨ ਲਈ

C C P A
CANADIAN CENTRE
for POLICY ALTERNATIVES
BC Office

PWC
PHILIPPINE WOMEN CENTRE OF B.C.

10 ਦਸੰਬਰ, 2007

## ਨਵੇਂ ਇਮੀਂਗਰਾਂਟਾਂ ਨਾਲ ਝੂਠੇ ਵਾਅਦੇ

### ਅਧਿਐਨ ਘੱਟ ਤਨਖਾਹਾਂ ਵਾਲੇ ਕੰਮਾਂ ਦੇ ਸਿਲਸਿਲੇ, ਕੰਮ ’ਤੇ ਹੱਕਾਂ ਦੀ ਉਲੰਘਣਾ ਦਾ ਪੋਲ ਖੋਲ੍ਹਦਾ ਹੈ

(ਵੈਨਕੂਵਰ) ਪੜ੍ਹਾਈ ਦੇ ਉੱਚੇ ਪੱਧਰਾਂ ਦੇ ਬਾਵਜੂਦ, ਬੀ ਸੀ ਵਿਚ ਨਵੇਂ ਆਏ ਬਹੁਤ ਸਾਰੇ ਇਮੀਂਗਰਾਂਟ ਆਪਣੇ ਆਪ ਨੂੰ ਘੱਟ ਤਨਖਾਹਾਂ ਵਾਲੀਆਂ ਨੌਕਰੀਆਂ ਵਿਚ ਫਸੇ ਮਹਿਸੂਸ ਕਰਦੇ ਹਨ ਅਤੇ ਕੰਮਾਂ ਵਾਲੀਆਂ ਥਾਂਵਾਂ ’ਤੇ ਉਨ੍ਹਾਂ ਲਈ ਅਰਥਭਰਪੂਰ ਸੁਰੱਖਿਆ ਬਹੁਤ ਥੋੜ੍ਹੀ ਹੈ। ਇਸ ਚੀਜ਼ ਦਾ ਪ੍ਰਗਟਾਵਾ ਕੈਨੇਡੀਅਨ ਸੈਂਟਰ ਫਾਰ ਪੌਲਸੀ ਅਲਟਰਨੇਟਿਵਜ਼ ਅਤੇ ਫਿਲਪੀਨ ਵਿਮਨ ਸੈਂਟਰ ਵਲੋਂ ਜਾਰੀ ਕੀਤੇ ਗਏ ਇਕ ਨਵੇਂ ਅਧਿਅਨ ਵਿਚ ਕੀਤਾ ਗਿਆ ਹੈ।

ਬੀ ਸੀ ਵਿਚ ਇਮੀਂਗਰਾਂਟਾਂ ਦੇ ਕੰਮ ’ਤੇ ਹੱਕ: ਫਿਲਪੀਨੋ ਕਾਮਿਆਂ ਦਾ ਕੇਸ ਇਹ ਪੋਲ ਖੋਲ੍ਹਦਾ ਹੈ ਕਿ ਬੀ ਸੀ ਦੀ ਇਕੌਨਮੀ ਵਿਚ ਤੇਜ਼ੀ ਹੋਣ ਦੇ ਬਾਵਜੂਦ ਸੂਬੇ ਵਿਚ ਆਉਣ ਵਾਲੇ ਨਵੇਂ ਇਮੀਂਗਰਾਂਟ ਅਕਸਰ ਆਰਥਿਕ ਸੁਰੱਖਿਆ ਨੂੰ ਹੱਥ ਨਾ ਆਉਣ ਵਾਲੀ ਚੀਜ਼ ਸਮਝਦੇ ਹਨ। ਉਹ ਅਕਸਰ ਅਣਸੁਰੱਖਿਅਤ ਹਾਲਤਾਂ ਵਿਚ ਕੰਮ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਬਹੁਤ ਘੱਟ ਟਰੇਨਿੰਗ ਮਿਲਦੀ ਹੈ ਅਤੇ ਉਨ੍ਹਾਂ ਦੀ ਆਪਣੇ ਹੱਕਾਂ ਨਾਲ ਸੰਬੰਧਿਤ ਜਾਣਕਾਰੀ ਬਾਰੇ ਕੋਈ ਪਹੁੰਚ ਨਹੀਂ ਹੁੰਦੀ। ਅਧਿਐਨ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਮਪਲੌਏਮੈਂਟ ਸਟੈਂਡਰਡਜ਼ ਐਕਟ (ਈ ਐੱਸ ਏ) ਦੀ ਤਾਮੀਲ (ਇਨਫੋਰਸਮੈਂਟ) ਦੀ ਬਿਲਕੁਲ ਅਣਹੋਂਦ ਹੈ। ਅਧਿਐਨ ਲਈ ਇੰਟਰਵਿਊ ਦੇਣ ਵਾਲੇ ਕਿਸੇ ਵੀ ਵਿਅਕਤੀ ਨੇ ਈ ਐੱਸ ਏ ਦੀਆਂ ਉਲੰਘਣਾਵਾਂ ਦੇ ਬਾਵਜੂਦ, ਸਿਰਫ ਅੰਗਰੇਜ਼ੀ ਵਿਚ ਹੀ ਮਿਲਦੀ “ਸੈਲਫ-ਹੈਲਪ ਕਿੱਟ” (ਮਨਿਸਟਰੀ ਆਫ ਲੇਬਰ ਐਂਡ ਸਿਟੀਜ਼ਨਜ਼ ਸਰਵਿਸਿਜ਼ ਨੂੰ ਉਲੰਘਣਾਵਾਂ ਦੀ ਰਿਪੋਰਟ ਕਰਨ ਦੇ ਸਿਰਫ ਇੱਕੋ ਤਰੀਕੇ) ਦੀ ਵਰਤੋਂ ਨਹੀਂ ਕੀਤੀ।

ਐੱਸ ਐੱਫ ਯੂ ਦੀ ਪ੍ਰੋਫੈਸਰ ਅਤੇ ਇਸ ਰਿਪੋਰਟ ਦੀ ਸਹਿ-ਲੇਖਕਾ ਹਾਬੀਬਾ ਜ਼ਮਾਨ ਦਾ ਕਹਿਣਾ ਹੈ, “ਸੂਬੇ ਦੀ ਸਰਕਾਰ ਵਲੋਂ 2002 ਵਿਚ ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ ਨੂੰ ਘਟਾਏ ਜਾਣ ਦਾ ਅਰਥ ਇਹ ਹੈ ਰੁਜ਼ਗਾਰ ਨਾਲ ਸੰਬੰਧਿਤ ਬਹੁਤ ਸਾਰੇ ਮੁਢਲੇ ਹੱਕ ਹੁਣ ‘ਪੇਪਰਾਂ ਵਿਚ ਹੱਕ’ ਹੀ ਰਹਿ ਗਏ ਹਨ, ਖਾਸ ਕਰਕੇ ਨਵੇਂ ਇਮੀਂਗਰਾਂਟਾਂ ਲਈ”।

ਜ਼ਮਾਨ ਨੇ ਅੱਗੇ ਕਿਹਾ, “ਜੇ ਕਿਸੇ ਨੇ ਵੀ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਨਹੀਂ ਦੱਸਿਆ ਅਤੇ ਕੋਈ ਵੀ ਇਨ੍ਹਾਂ ਨੂੰ ਸਰਗਰਮੀ ਨਾਲ ਲਾਗੂ ਨਹੀਂ ਕਰ ਰਿਹਾ ਤਾਂ ਤੁਸੀਂ ਉਹ ਸੁਰੱਖਿਆ ਕਿਵੇਂ ਲੈ ਸਕਦੇ ਹੋ ਜਿਹੜੀ ਬੀ ਸੀ ਵਿਚਲੇ ਸਾਰੇ ਕਾਮਿਆਂ ਲਈ ਮੌਜੂਦ ਹੋਣੀ ਚਾਹੀਦੀ ਹੈ?”

ਰਿਪੋਰਟ ਦੀ ਸਹਿ-ਲੇਖਕਾ ਅਤੇ ਨੈਸ਼ਨਲ ਅਲਾਇੰਸ ਆਫ ਫਿਲਪੀਨ ਵਿਮਨ ਇਨ ਕੈਨੇਡਾ ਦੀ ਪ੍ਰਬੰਧਕੀ ਡਾਇਰੈਕਟਰ ਸੀਸਿਲੀਆ ਡੀਓਕਸਨ ਦਾ ਕਹਿਣਾ ਹੈ, “ਉੱਚ ਵਿਦਿਆ ਪ੍ਰਾਪਤ ਇਮੀਂਗਰਾਂਟ ਕੈਨੇਡਾ ਵਿਚ ਚੰਗੇ ਰੁਜ਼ਗਾਰ ਦੇ ਭਰੋਸੇ ’ਤੇ ਰਹੇ ਹਨ ਪਰ ਇਸ ਦੀ ਬਜਾਏ ਉਨ੍ਹਾਂ ਨੂੰ ਘੱਟ ਤਨਖਾਹਾਂ ਵਾਲੀਆਂ ਅਤੇ ਬਹੁਤੀ ਵਾਰੀ ਅਢੁਕਵੀਂ ਸੁਰੱਖਿਆ ਵਾਲੀਆਂ ਨੌਕਰੀਆਂ ਦੇ ਰੂਪ ਵਿਚ ਇਸ ਤਬਦੀਲੀ ਕਾਰਨ ਗੰਭੀਰ ਨੁਕਸਾਨ ਉਠਾਉਣਾ ਪੈ ਰਿਹਾ ਹੈ। ਇਹ ਇਕ ਅਜਿਹਾ ਸਿਲਸਿਲਾ ਹੈ ਜਿਹੜਾ ਸਾਲਾਂ ਬੱਧੀ ਅਸੰਤੋਖਜਨਕ ਰੁਜ਼ਗਾਰ ਦਾ ਕਾਰਨ ਬਣਦਾ ਹੈ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ ਲੰਮਾ ਸਮਾਂ ਆਰਥਿਕ ਮੰਦਹਾਲੀ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ।”

ਰਿਪੋਰਟ ਦੇ ਨਤੀਜਿਆਂ ਅਤੇ ਇਮੀਂਗਰਾਂਟਾਂ ਨੂੰ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਨਾਲ ਸਲਾਹ-ਮਸ਼ਵਰੇ ਦੇ ਆਧਾਰ ’ਤੇ ਇਹ ਅਧਿਐਨ, ਨੀਤੀਆਂ ਬਾਰੇ ਵਿਆਪਕ ਸਿਫਾਰਸ਼ਾਂ ਕਰਦਾ ਹੈ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਪਹਿਲੀ ਜੌਬ ਦੀ 6 ਡਾਲਰ ਤਨਖਾਹ ਖਤਮ ਕੀਤੀ ਜਾਵੇ ਅਤੇ ਘੱਟੋ ਘੱਟ ਤਨਖਾਹ ਨੂੰ 10 ਡਾਲਰ ਪ੍ਰਤੀ ਘੰਟਾ ਕੀਤਾ ਜਾਵੇ।
- ਨਿਗਰਾਨੀ ਕਰਨ ਲਈ ਆਪ ਉੱਦਮ ਕਰਨ ਵਾਲੀਆਂ ਟੀਮਾਂ ਤਿਆਰ ਕੀਤੀਆਂ ਜਾਣ ਜਿਹੜੀਆਂ ਰੁਜ਼ਗਾਰ ਦੇ ਮਿਆਰਾਂ ਅਤੇ ਕੰਮ ’ਤੇ ਸੁਰੱਖਿਆ ਦੀ ਉਲੰਘਣਾਵਾਂ ਲਈ ਕੰਮ ਵਾਲੀਆਂ ਥਾਂਵਾਂ ’ਤੇ ਅਚਾਨਕ ਛਾਪੇ ਮਾਰਨ। ਉਲੰਘਣਾਵਾਂ ਕਰਨ ਵਾਲਿਆਂ ਨੂੰ ਕੀਤੇ ਜਾਣ ਵਾਲੇ ਜੁਰਮਾਨਿਆਂ ਵਿਚ ਵਾਧਾ ਕੀਤਾ ਜਾਵੇ।
- “ਸਵੈ-ਸਹਾਇਤਾ ਕਿੱਟ” ਖਤਮ ਕੀਤੀ ਜਾਵੇ ਅਤੇ ਕਾਮਿਆਂ ਨੂੰ ਇਹ ਆਗਿਆ ਹੋਵੇ ਕਿ ਉਹ ਕੰਮ ਵਾਲੀਆਂ ਥਾਂਵਾਂ ’ਤੇ ਹੋਣ ਵਾਲੀਆਂ ਉਲੰਘਣਾਵਾਂ ਬਾਰੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਕੋਲ ਸਿੱਧੀ ਸ਼ਿਕਾਇਤ ਕਰ ਸਕਣ। ਇਸ ਦੇ ਨਾਲ ਹੀ ਕਮਿਊਨਟੀ ਆਧਾਰਿਤ, ਮੁਨਾਫੇ ਤੋਂ ਬਿਨਾਂ ਕੰਮ ਕਰਨ ਵਾਲੇ ਸਿਸਟਮ ਲਈ ਫੰਡ ਦਿੱਤੇ ਜਾਣ ਜਿਸ ਸਿਸਟਮ ਵਿਚ ਹਿਮਾਇਤ ਕਰਨਾ ਵੀ ਸ਼ਾਮਲ ਹੋਵੇ, ਜੋ ਕਿ ਉਨ੍ਹਾਂ ਕਾਮਿਆਂ ਦੀ ਮਦਦ ਕਰੇ ਜਿਹੜੇ ਇਹ ਸਮਝਦੇ ਹਨ ਕਿ ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੋਈ ਹੈ।
- ਜਾਣਕਾਰੀ ਦੇਣ ਵਾਲੀਆਂ ਬੈਠਕਾਂ, ਢੁਕਵੀਂਆਂ ਬੋਲੀਆਂ ਵਿਚ ਅਨੁਵਾਦ, ਅਤੇ ਇਨ੍ਹਾਂ ਦੀ ਵਿਆਪਕ ਵੰਡ ਰਾਹੀਂ ਈ ਐੱਸ ਏ ਬਾਰੇ ਲੋਕਾਂ ਦੀ ਜਾਣਕਾਰੀ ਵਿਚ ਭਰਪੂਰ ਵਾਧਾ ਕੀਤਾ ਜਾਵੇ। ਇਹ ਸ਼ਰਤ ਫਿਰ ਤੋਂ ਬਹਾਲ ਕੀਤੀ ਜਾਵੇ ਕਿ ਹੱਕਾਂ ਬਾਰੇ ਜਾਣਕਾਰੀ ਕੰਮ ਵਾਲੀਆਂ ਥਾਂਵਾਂ ’ਤੇ ਲਗਾਈ ਜਾਵੇ।

*ਜਾਰੀ...*

**1400 — 207 West Hastings Street • Vancouver, BC V6B 1H7**
**ਟੈਲੀਫੋਨ: 604-801-5121 • ਫੈਕਸ: 604-801-5122 • ccpabc@policyalternatives.ca • www.policyalternatives.ca**

CAW TCA CANADA

*ਸਿਫਾਰਸ਼ਾਂ ਜਾਰੀ*

- ਮਿਨੀਮੱਮ ਕਾਲ ਇਨ ਪੀਰੀਅਡ (ਕੰਮ 'ਤੇ ਸੱਦੇ ਜਾਣ ਬਾਅਦ ਘੱਟੋ ਘੱਟ ਦਿੱਤੀ ਜਾਣ ਵਾਲੀ ਤਨਖਾਹ ਦਾ ਸਮਾਂ ਭਾਵੇਂ ਮੁਲਾਜ਼ਮ ਕੰਮ ਸ਼ੁਰੂ ਕਰੇ ਜਾਂ ਨਾ) ਨੂੰ ਦੋ ਘੰਟੇ ਤੋਂ ਵਧਾ ਕੇ ਚਾਰ ਘੰਟੇ ਕੀਤਾ ਜਾਵੇ। ਦੋ ਘੰਟਿਆਂ ਦੀ ਤਨਖਾਹ ਥੋੜ੍ਹੀ ਹੈ, ਖਾਸ ਕਰਕੇ ਜਦੋਂ ਕਾਮਿਆਂ ਨੂੰ ਕੰਮ 'ਤੇ ਆਉਣ ਲਈ ਲੰਮੇ ਫਾਸਲੇ ਲਈ ਸਫਰ ਕਰਨਾ ਪੈਂਦਾ ਹੈ।
- ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦੇ ਹੋਰ ਦਫਤਰ ਖੋਲ੍ਹੇ ਜਾਣ ਅਤੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਲਈ ਹੌਟਲਾਈਨ (ਸੰਕਟ ਦੇ ਸਮੇਂ ਲਈ ਟੈਲੀਫੋਨ ਲਾਈਨ) ਚਲਾਈ ਜਾਵੇ। ਹੌਟਲਾਈਨ ਲਈ ਉਨ੍ਹਾਂ ਲੋਕਾਂ ਦਾ ਸਟਾਫ ਰੱਖਿਆ ਜਾਵੇ ਜਿਹੜੇ ਇਕ ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਪੁੱਛਗਿੱਛ ਦਾ ਜਵਾਬ ਦੇ ਸਕਦੇ ਹੋਣ।
- ਈ ਐੱਸ ਏ ਬਾਰੇ ਮੁਲਾਜ਼ਮਾਂ ਅਤੇ ਕੰਮ-ਮਾਲਕਾਂ ਨੂੰ ਜਾਣਕਾਰੀ ਦੇਣ ਦੇ ਲਾਜ਼ਮੀ ਸੈਸ਼ਨ ਲਾਏ ਜਾਣ। ਸਾਲ 2001 ਤੋਂ ਲੈ ਕੇ, ਇਮੀਂਗਰਾਂਟਾਂ ਦੇ ਸ੍ਰੋਤ ਵਾਲੇ ਉਪਰਲੇ 10 ਦੇਸ਼ਾਂ ਵਿੱਚੋਂ ਸੱਤ ਏਸ਼ੀਆ (ਚੀਨ, ਪਾਕਿਸਤਾਨ, ਫਿਲਪੀਨ ਅਤੇ ਦੇਸ਼ਾਂ) ਵਿੱਚੋਂ ਹਨ। ਇਨ੍ਹਾਂ ਬਹੁਤੇ ਦੇਸ਼ਾਂ ਵਿਚ ਰੁਜ਼ਗਾਰ ਦੇ ਮਿਆਰਾਂ ਦੀ ਤਕਰੀਬਨ ਅਣਹੋਂਦ ਹੀ ਹੈ। ਇਨ੍ਹਾਂ ਇਮੀਂਗਰਾਂਟਾਂ ਨੂੰ ਆਪਣੀ ਮਜ਼ਦੂਰੀ ਦੇ ਹੱਕਾਂ ਬਾਰੇ ਜਾਣਨ ਦੀ ਲੋੜ ਹੈ।

*ਬੀ ਸੀ ਵਿਚ ਇਮੀਂਗਰਾਂਟਾਂ ਦੇ ਕੰਮ 'ਤੇ ਹੱਕ:* ਹਾਬੀਬਾ ਜ਼ਮਾਨ, ਸੀਸਿਲੀਆ ਡੀਓਕਸਨ ਅਤੇ ਰੇਬੇਕਾ ਸਕੌਟ ਵਲੋਂ ਅੰਗਰੇਜ਼ੀ ਵਿਚ ਲਿਖੀ ਗਈ ਰਿਪੋਰਟ, *ਦਾ ਕੇਸ ਆਫ ਫਿਲਪੀਨੋ ਵਰਕਰਜ਼* (ਫਿਲਪੀਨੋ ਵਰਕਰਾਂ ਦਾ ਕੇਸ) www.policyalternatives.ca ਵੈੱਬਸਾਈਟ 'ਤੇ ਮੌਜੂਦ ਹੈ।

-30-

ਇੰਟਰਵਿਊ ਦਾ ਸਮਾਂ ਨਿਸ਼ਚਤ ਕਰਨ ਲਈ ਟੇਰਾ ਪੋਰੀਅਰ ਨੂੰ 604-801-5121 ਐਕਸਟੈਨਸ਼ਨ 229 'ਤੇ ਫੋਨ ਕਰੋ।

ਇਹ ਅਧਿਐਨ ਇਕਨੌਮਿਕ ਸਕਿਉਰਟੀ ਪ੍ਰੋਜੈਕਟ ਦੇ ਹਿੱਸੇ ਵਜੋਂ ਕੀਤਾ ਗਿਆ ਸੀ, ਜੋ ਕਿ ਸੀ ਸੀ ਪੀ ਏ ਅਤੇ ਸਾਇਮਨ ਫਰੇਜ਼ਰ ਯੂਨੀਵਰਸਿਟੀ ਦਾ ਇਕ ਸਾਂਝਾ ਖੋਜ ਉੱਦਮ ਹੈ, ਜਿਸ ਨੂੰ ਫੰਡ ਮੁਢਲੇ ਰੂਪ ਵਿਚ ਸੋਸ਼ਲ ਸਾਇੰਸਿਜ਼ ਐਂਡ ਹਿਊਮਨਟੀਜ਼ ਰੀਸਰਚ ਕੌਂਸਲ ਆਫ ਕੈਨੇਡਾ (ਐੱਸ ਐੱਸ ਐੱਚ ਆਰ ਸੀ) ਵਲੋਂ ਮਿਲੇ ਹਨ। ਇਸ ਅਧਿਐਨ ਨੂੰ ਵੈਨਕੂਵਰ ਫਾਉਂਡੇਸ਼ਨ ਤੋਂ ਵੀ ਗਰਾਂਟ ਮਿਲੀ, ਜਿਸ ਨੇ ਖੋਜ ਦੇ ਕਾਰਜ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ।

## ਇਮਪਲੌਏਮੈਂਟ ਸਟੈਂਡਰਡਜ਼ ਕੀ ਹਨ?

ਇਮਪਲੌਏਮੈਂਟ ਸਟੈਂਡਰਡਜ਼ (ਰੁਜ਼ਗਾਰ ਨਾਲ ਸੰਬੰਧਿਤ ਮਿਆਰ) ਲੇਬਰ ਨਾਲ ਸੰਬੰਧਿਤ ਕਾਨੂੰਨਾਂ ਦੇ ਵੱਡੇ ਸਿਸਟਮ ਦਾ ਹਿੱਸਾ ਹਨ। ਇਹ ਘੱਟੋ ਘੱਟ ਤਨਖਾਹ, ਕੰਮ ਦੇ ਘੱਟੋ ਘੱਟ ਅਤੇ ਵੱਧ ਤੋਂ ਵੱਧ ਘੰਟੇ, ਓਵਰਟਾਈਮ ਦੀ ਤਨਖਾਹ, ਮਾਪੇਪੁਣੇ ਲਈ ਛੁੱਟੀ ਅਤੇ ਕਾਨੂੰਨੀ ਛੁੱਟੀਆਂ ਵਰਗੇ ਵਿਸ਼ਿਆਂ ਨੂੰ ਕਵਰ ਕਰਦੇ ਹਨ। ਇਨ੍ਹਾਂ ਦਾ ਮੰਤਵ ਸਾਰੇ ਕਾਮਿਆਂ ਲਈ ਸੁਰੱਖਿਆ ਦਾ ਇਕ ਮੁਢਲਾ ਪੱਧਰ ਪ੍ਰਦਾਨ ਕਰਨਾ ਹੈ – ਇਹ ਯਕੀਨੀ ਬਣਾ ਕੇ ਕਿ ਉਹ ਵਾਜਬ ਹਾਲਤਾਂ ਅਧੀਨ ਇਕ ਚੰਗੀ ਰੋਜ਼ੀ ਕਮਾ ਸਕਣ, ਉਨ੍ਹਾਂ ਦੀ ਨਿੱਜੀ ਸੁਰੱਖਿਆ ਦੀ ਹਿਫਾਜ਼ਤ ਹੋਵੇ ਅਤੇ ਉਨ੍ਹਾਂ ਦੇ ਕੰਮ ਅਤੇ ਪਰਿਵਾਰਕ ਜ਼ਿੰਦਗੀ ਵਿਚਕਾਰ ਸੰਤੁਲਨ ਕਾਇਮ ਰਹੇ। ਭਾਵੇਂ ਕਿ ਇਮਪਲੌਏਮੈਂਟ ਸਟੈਂਡਰਡਜ਼ (ਰੁਜ਼ਗਾਰ ਨਾਲ ਸੰਬੰਧਿਤ ਮਿਆਰ) ਸਾਰੇ ਕਾਮਿਆਂ ਲਈ ਮਹੱਤਵਪੂਰਨ ਹਨ ਪਰ ਇਹ 'ਅਸੁਰੱਖਿਅਤ' ਕਾਮਿਆਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹਨ – ਜਿਹੜੇ ਆਪਣੇ ਕੰਮ-ਮਾਲਕਾਂ ਨਾਲ ਕੰਮ ਦੀਆਂ ਵਾਜਬ ਅਤੇ ਚੰਗੀਆਂ ਹਾਲਤਾਂ ਬਾਰੇ ਸੌਦੇਬਾਜ਼ੀ ਕਰਨ ਦੇ ਘੱਟ ਸਮਰੱਥ ਹਨ ਅਤੇ ਜਿਨ੍ਹਾਂ ਦੀ ਨੁਮਾਇੰਦਗੀ ਯੂਨੀਅਨਾਂ ਨਹੀਂ ਕਰਦੀਆਂ। ਅਸੁਰੱਖਿਅਤ ਕਾਮਿਆਂ ਵਿੱਚ ਔਰਤਾਂ, ਨਵੇਂ ਇਮੀਂਗਰਾਂਟ, ਨਸਲੀ ਘੱਟ ਗਿਣਤੀਆਂ ਦੇ ਲੋਕ ਅਤੇ ਜਵਾਨ ਲੋਕ ਆਪਣੀ ਗਿਣਤੀ ਦੇ ਅਨੁਪਾਤ ਤੋਂ ਵੱਧ ਹਨ।

ਸਾਲ 2001 ਅਤੇ 2004 ਦੇ ਵਿਚਕਾਰ ਬੀ ਸੀ ਦੀ ਸਰਕਾਰ ਨੇ ਇਮਪਲੌਏਮੈਂਟ ਸਟੈਂਡਰਡਜ਼ ਨੂੰ ਕਮਜ਼ੋਰ ਕੀਤਾ ਹੈ ਅਤੇ ਇਨ੍ਹਾਂ ਦੀ ਤਾਮੀਲ (ਇਨਫੋਰਸਮੈਂਟ) ਘਟਾਈ ਹੈ।